# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਲਈ 04 ਪ੍ਰਿੰਸੀਪਲ, 13 ਲੈਕਚਰਾਰ ( ਪੀ.ਜੀ.ਟੀ.) 20 ਮਾਸਟਰ/ ਮਿਸਟ੍ਰੈਸ ( ਟੀ.ਜੀ.ਟੀ.), 13 ਜੇ.ਬੀ.ਟੀ./ ਈ.ਟੀ.ਟੀ. ਅਤੇ 11 ਐਨ.ਟੀ.ਟੀ. ਦੀਆ ਅਸਾਮੀਆਂ ਠੇਕੇ ( ਕੰਟਰੈਕਟਰ ਆਧਾਰ) ਤੇ ਭਰਨ ਲਈ ਮਿਤੀ 15-10-2013 ਨੂੰ ਵੱਖ-ਵੱਖ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਇਸ਼ਤਿਹਾਰ ਵਿੱਚ ਇਹ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਇਸੇ ਸਬੰਧ ਵਿੱਚ ਮਿਤੀ 02-08-2013 ਨੂੰ ਦਿੱਤੇ ਇਸ਼ਤਿਹਾਰ ਅਨੁਸਾਰ ਪ੍ਰਾਪਤ ਅਰਜ਼ੀਆਂ ਵਾਲੇ ਉਮੀਦਵਾਰਾਂ ਨੂੰ ਇਨ੍ਹਾਂ ਅਸਾਮੀਆਂ ਲਈ ਦੁਬਾਰਾ ਆਨਲਾਈਨ ਅਪਲਾਈ ਕਰਨਾ ਜਰੂਰੀ ਹੈ, ਕਿਉਂਕਿ ਕੁਝ ਪ੍ਰਬੰਧਕੀ ਕਾਰਨਾਂ ਕਰਕੇ ਉਹ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਸਨ, ਲੇਕਿਨ ਜਿਨ੍ਹਾਂ ਉਮੀਦਵਾਰਾਂ ਨੇ ਮਿਤੀ 02-08-2013 ਨੂੰ ਦਿੱਤੇ ਇਸ਼ਤਿਹਾਰ ਅਨੁਸਾਰ ਪਹਿਲਾਂ ਅਪਲਾਈ ਕੀਤਾ ਸੀ, ਉਹਨਾਂ ਤੋਂ ਮੁੜ ਫੀਸ ਨਹੀਂ ਲਈ ਜਾਵੇਗੀ। ਨਵੇਂ ਸਿਰਿਓ ਇਹਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਬੰਧਤ ਸ਼ਰਤਾਂ ( Terms and conditions) ਅਤੇ ਵਿਸਥਾਰ-ਪੂਰਵਕ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬਧ ਹੈ। ਅਸਾਮੀਆਂ ਨੂੰ ਆਨਲਾਈਨ ਭਰਨ ਦੀ ਆਖਰੀ ਮਿਤੀ 05-11-2013 ਸ਼ਾਮ 5-00 ਵਜੇ ਤੱਕ ਹੈ। ਇਸ ਲਈ ਸਬੰਧਤਾਂ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਸਮਾਂ ਸੀਮਾ ਖਤਮ ਹੋਣ ਤੋਂ ਪਹਿਲਾਂ ਅਪਲਾਈ ਕਰ ਦਿੱਤਾ ਜਾਵੇ।

Gurinder Pal Singh

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ।